# ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ

ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ ਦਾ ਉਦੇਸ਼ ਪੇਂਡੂ ਬੇਰੁਜਗਾਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਆਰਥਿਕ ਮੱਦਦ ਦੇ ਕੇ ਦਸਤਕਾਰੀ ਅਤੇ ਛੋਟੇ ਉਦਯੋਗਾਂ ਦਾ ਪੇਂਡੂ ਹਲਕੇ ਵਿੱਚ ਵਿਕਾਸ ਕਰਨਾ ਹੈ। ਜ਼ਿਲ੍ਹਾ ਮਾਨਸਾ ਵਿਖੇ ਇਹ ਦਫ਼ਤਰ, ਚੰਦ ਸਿੰਘ ਚਾਹਲ ਵਾਲੀ ਗਲੀ, ਨਜ਼ਦੀਕ ਬੱਸ ਅੱਡਾ ਵਿਖੇ ਸਥਿਤ ਹੈ। ਇਸ ਦਾ ਮੁਖੀ ਡੀ.ਵੀ.ਆਈ.ਓ (ਡਿਸਟ੍ਰਿਕਟ ਵਿਲੇਜ ਇੰਡਸਟਰੀਜ਼ ਆਰਗੇਨਾਈਜ਼ਰ) ਹੁੰਦਾ ਹੈ ਅਤੇ ਇਸ ਸਮੇਂ ਉਹਨਾਂ ਨਾਲ ਸਹਾਇਕ ਤੇ ਤੌਰ ਤੇ ਇਕ ਸੀਨੀਅਰ ਸਹਾਇਕ ਅਤੇ ਇੱਕ ਗੁੜ ਗਾਇਡ ਜ਼ਿਲ੍ਹਾ ਦਫ਼ਤਰ ਵਿੱਚ ਤੈਨਾਤ ਹਨ। ਇਸ ਦਫ਼ਤਰ ਵਿੱਚ ਇਸ ਸਮੇਂ ਉਪਰੋਕਤ ਉਦੇਸ਼ ਦੀ ਪ੍ਰਾਪਤੀ ਵਾਸਤੇ ਕੇਵਲ ਇੱਕੋ ਹੀ ਸਕੀਮ ਚਾਲੂ ਹੈ। ਜਿਸ ਨੂੰ ਖਾਦੀ ਕਮਿਸ਼ਨ ਦੀ ਮਾਰਜਨ ਮਨੀ ਸਕੀਮ ਦੇ ਨਾਂ ਨਾਲ ਚੁਲਾਇਆ ਜਾ ਰਿਹਾ ਹੈ। ਇਸ ਦਾ ਵੇਰਵਾ ਹੇਠ ਲਿਖਤ ਹੈ:-

**1. *ਕਰਜ਼ੇ ਦੀ ਰਕਮ* :**

(1) ਵਿਅਕਤੀਗਤ ਕਰਜ਼ਾ 25 ਲੱਖ ਰੁਪਏ ਤੱਕ

(2) ਸੰਮਤੀ ਸੁਸਾਇਟੀ ਲਈ ਕਰਜ਼ਾ 25 ਲੱਖ ਰੁਪਏ ਤੱਕ

(ਇਹ ਕਰਜ਼ਾ ਕੌਮੀਕ੍ਰਿਤ ਜਾਂ ਨੈਸ਼ਨਲਾਈਜ਼ਡ ਬੈਂਕਾਂ ਜਾਂ ਕੋ-ਆਪਰੇਟਿਵ ਬੈਂਕਾਂ ਰਾਹੀਂ ਦਵਾਇਆ ਜਾਂਦਾ ਹੈ।)

**2 ਸਬਸਿਡੀ :-**

(1) ਐਸ ਪੀ/ਅਪਾਹਜ਼/ਸਾਬਕਾ ਫੌਜੀ/ਔਰਤਾਂ/ਬਾਰਡਰ ਏਰੀਅ ਅਤੇ ਘੱਟ ਗਿਣਤੀ ਨੂੰ 30 ਪ੍ਰਤੀਸ਼ਤ ਅਤੇ ਬਾਕੀ ਜਨਰਲ ਕੈਟਾਗਰੀ ਨੂੰ 25 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਂਦੀ ਹੈ।

(2) 10 ਲੱਖ ਰੁਪਏ ਦੇ ਕਰਜ਼ੇ ਤੱਕ 25-30 ਪ੍ਰਤੀਸ਼ਤ ਅਤੇ 10 ਲੱਖ ਤੋਂ ਉੱਪਰ ਦੇ ਕਰਜ਼ੇ ਤੇ ਪਹਿਲੇ 10 ਲੱਖ ਤੱਕ 25-30 ਪ੍ਰਤੀਸ਼ਤ ਅਤੇ ਬਾਕੀ ਕਰਜ਼ੇ ਤੇ 10 ਪ੍ਰਤੀਸ਼ਤ ਸਬਸਿਡੀ ਜਾਰੀ ਕੀਤੀ ਜਾਂਦੀ ਹੈ।

*ਇਹ ਸਬਸਿਡੀ ਮੁੱਖ ਦਫ਼ਤਰ ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ, ਐਸ ਸੀ ਓ ਨੰ: 2429-30 ਸੈਕਟਰ 22-ਸੀ, ਚੰਡੀਗੜ੍ਹ ਰਾਹੀਂ ਪ੍ਰਵਾਨਗੀ ਦੇਣ ਉਪਰੰਤ ਜਾਰੀ ਕੀਤੀ ਜਾਂਦੀ ਹੈ। ਸਬਸਿਡੀ ਮਿਆਦੀ ਜਮ੍ਹਾਂ ਪੂੰਜੀ ਭਾਵ ਐਫ. ਡੀ. ਦੇ ਰੂਪ ਵਿੱਚ ਜੋ ਦੋ ਸਾਲ ਲਈ ਕਰਜ਼ਦਾਰ ਦੇ ਨਾਮ ਦੀ ਬਣੇਗੀ, ਦਿੱਤੀ ਜਾਂਦੀ ਹੈ।*

**3. *ਕਰਜ਼ਾ ਪ੍ਰਾਪਤ ਕਰਨ ਵਾਸਤੇ ਲੋੜੀਂਦੇ ਕਾਗਜਾਤ ਅਤੇ ਸ਼ਰਤਾਂ* :-**

(1) ਬਿਨੈ-ਪੱਤਰ ਫਾਰਮ (ਜੋ ਮੁੱਖ ਦਫ਼ਤਰ/ਜਿਲ੍ਹਾ ਦਫ਼ਤਰ ਤੋਂ 50 ਰੁਪਏ (ਸਿਰਫ ਪੰਜਾਬ ਰੁਪਏ) ਨਿਰਧਾਰਿਤ ਮੁੱਲ ਵਿੱਚ ਉਪਲਬਧ ਹੈ।

(2) 3 ਫੋਟੋ ਪਾਸਪੋਰਟ ਸਾਈਜ।

(3) ਤਜ਼ਰਬਾ ਸਰਟੀਫਿਕੇਟ।

(4) ਕੰਮ ਕਰਨ ਵਾਲੀ ਜਗ੍ਹਾ ਦਾ ਸਬੂਤ (ਮਾਲਕੀ/ਲੀਜ਼ ਜਾਂ ਕਿਰਾਇਆਨਾਮਾ)

(5) ਰਾਸ਼ਨ ਕਾਰਡ/ਸ਼ਨਾਖਤੀ ਕਾਰਡ/ਵੋਟਰ ਕਾਰਡ ਆਦਿ (ਨਿਜੀ ਸਬੂਤ ਵਜੋਂ)

(6) ਐਸ.ਸੀ./ਅਪਾਹਜ਼/ਸਾਬਕਾ ਫੌਜੀ ਆਦਿ ਸ਼੍ਰੇਣੀ ਵਿੱਚ ਹੋਣ ਦਾ ਸਬੂਤ

(7) ਪੇਂਡੂ ਹਲਕਾ ਹੋਣ ਦਾ ਸਬੂਤ (ਜਿੱਥੇ ਇਕਾਈ ਸਥਾਪਤ ਕਰਨੀ ਹੈ)

## 4. *ਕੰਮਾਂ ਦਾ ਵੇਰਵਾ*

ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ ਹੇਠ ਲਿਖੇ ਦਸਤਕਾਰੀ ਅਤੇ ਛੋਟੇ ਉਦਯੋਗ ਪੇਂਡੂ ਏਰੀਏ ਵਿੱਚ ਸਥਾਪਤ ਕਰਨ ਲਈ ਕਰਜ਼ਾ ਦਵਾਉਣ ਵਿੱਚ ਮੱਦਦਗਾਰ ਹੁੰਦਾ ਹੈ :-

(1) ਚਮੜੇ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ

(2) ਲੋਹੇ ਤੇ ਲੱਕੜ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ

(3) ਦੁੱਧ ਦੀਆਂ ਵਸਤਾਂ ਬਨਾਉਣਾ

(4) ਭੱਠਾ (ਪੱਕੀਆਂ ਇੱਟਾਂ ਦਾ ਬਨਾਉਣਾ)

(5) ਮਿੰਨੀ ਰਾਈਸ ਸ਼ੈਲਰ/ਆਟਾ ਚੱਕੀ/ਬੇਕਰੀ/ਮਸਾਲਾ ਪੀਸਣਾ

(6) ਮਿੱਟੀ ਦੇ ਬਰਤਨ ਬਨਾਉਣਾ, ਚੂਨਾ ਪੱਥਰ ਕੱਟਣਾ ਅਤੇ ਸੀਮੇਂਟ ਦੀਆਂ ਜਾਲੀਆਂ ਬਨਾਉਣਾ।

(7) ਮਧੂ ਮੱਖੀ ਪਾਲਣਾ

(8) ਨਾਈ/ਹਲਵਾਈ/ਦਰਜ਼ੀ/ਬਿਊਟੀ ਪਾਰਲਰ ਚਲਾਉਣਾ

(9) ਵਰਕਸ਼ਾਪ, ਇੰਜਣ/ਟਰੈਕਟਰ/ਮੋਟਰ ਗੱਡੀਆਂ ਦੀ ਮੁਰੰਮਤ

(10) ਬਿਜਲੀ ਰਿਪੇਅਰ/ਟੀ.ਵੀ. ਰਿਪੇਅਰ/ਇਲੈਕਟ੍ਰੋਨਿਕਸ ਸਾਜ਼-ਸਾਮਾਨ ਦੀ ਮੁਰੰਮਤ

(11) ਅਚਾਰ/ਮੁਰੱਬੇ/ਚਟਨੀ/ਸ਼ਕਵੈਸ਼ ਆਦਿ ਤਿਆਰ ਕਰਨਾ।

(12) ਪਲੰਬਰ/ਟੋਕਰੀਆਂ ਬਨਾਉਣਾ

(13) ਸਾਇਕਲ ਰਿਪੇਅਰ

(14) ਪਾਪੜ/ਵੜੀਆਂ ਆਦਿ ਘਰੇਲੂ ਉਦਯੋਗ ਲਗਾਉਣਾ।

(15) ਸੋਨੇ ਦੇ ਗਹਿਣੇ ਤਿਆਰ ਕਰਨਾ।

ਉਪਰੋਕਤ ਦਿੱਤੇ ਵੇਰਵੇ ਅਨੁਸਾਰ ਲੋੜਵੰਦ ਵਿਅਕਤੀ ਬੋਰਡ ਦੇ ਜ਼ਿਲ੍ਹੇ ਦੇ ਦਫ਼ਤਰ ਜਾਂ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਕਿਸੇ ਵੀ ਕੰਮਕਾਰ ਵਾਲੇ ਦਿਨ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।